**ਦਫਤਰ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ**
**ਮੰਦਿਰ ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ, ਪਟਿਆਲਾ।**

**(ਧਰਮ ਅਰਥ ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 79/2025/ਧਅਸ/............. ਮਿਤੀ: 29.05.2025

**ਵਿਸ਼ਾ:** **ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਦੀ ਸੁਰੱਖਿਆ ਲਈ ਸੁਰੱਖਿਆ ਦਾ ਠੇਕਾ ਸੁਰੱਖਿਆ ਏਜੰਸੀਆਂ ਨੂੰ ਦੇਣ ਲਈ ਇਸ਼ਤਿਹਾਰ ਨੋਟਿਸ ਪ੍ਰਕਾਸ਼ਿਤ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਇਸ਼ਤਿਹਾਰ ਨੋਟਿਸ ਦੀ ਕਾਪੀ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਇਸ਼ਤਿਹਾਰ ਨੋਟਿਸ ਨੂੰ ਦੈਨਿਕ ਜਾਗਰਣ, The Tribune ਦੋ ਅਖਬਾਰਾ ਵਿੱਚ DAVP ਰੇਟ ਤੇ ਪ੍ਰਕਾਸ਼ਿਤ ਕਰਵਾਉਣ ਦੀ ਖੇਚਲਾ ਕੀਤੀ ਜਾਵੇ ਅਤੇ ਬਿੱਲ ਅਦਾਇਗੀ ਲਈ ਇਸ ਦਫਤਰ ਵਿਖੇ ਭੇਜਿਆ ਜਾਵੇ ਜੀ।
ਨੱਥੀ: ਉਕਤ ਅਨੁਸਾਰ

**ਵਾ: ਡਿਪਟੀ ਕਮਿਸ਼ਨਰ-ਕਮ-ਚੇਅਰਮੈਨ**
**ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ**
**ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,**
**ਪਟਿਆਲਾ।**

**ਪਿੱਠ ਅੰਕਣ ਨੰ:** ਨੰਬਰ: 79/2025/ਧਅਸ/.645-646 ਮਿਤੀ: 29.05.2025

**ਇਸ ਦਾ ਇੱਕ ਉਤਾਰਾ:**

1. ਜਿਲ੍ਹਾ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪਟਿਆਲਾ ਨੂੰ ਇਸ਼ਤਿਹਾਰ ਨੋਟਿਸ ਦੀ ਕਾਪੀ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।
2. ਸਹਾਇਕ ਸੁਪਰਵਾਇਜਰ, ਮੰਦਿਰ ਸ੍ਰੀ ਕਾਲੀ ਦੇਵੀ ਜੀ ਪਟਿਆਲਾ ਨੂੰ ਇਸ਼ਤਿਹਾਰ ਨੋਟਿਸ ਦੀ ਕਾਪੀ, ਸ਼ਰਤਾ, ਪ੍ਰੋਫਾਰਮਾ ਚਸਪਾ ਕਰਨ ਅਤੇ ਮੰਦਿਰ ਦੀ ਵੈਬ-ਸਾਇਟ ਤੇ ਅਪਲੋਡ ਕਰਨ ਲਈ ਲਿਖਿਆ ਜਾਂਦਾ ਹੈ।

29/5/25

**ਵਾ: ਡਿਪਟੀ ਕਮਿਸ਼ਨਰ-ਕਮ-ਚੇਅਰਮੈਨ**
**ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ**
**ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,**
**ਪਟਿਆਲਾ।**

**ਦਫਤਰ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ**
**ਮੰਦਿਰ ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ, ਪਟਿਆਲਾ।**

## ਟੈਂਡਰ ਨੋਟਿਸ

ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਦੀ ਸੁਰੱਖਿਆ ਲਈ ਸੁਰੱਖਿਆ ਦਾ ਠੇਕਾ ਸੁਰੱਖਿਆ ਏਜੰਸੀਆਂ ਨੂੰ ਦੇਣਾ ਹੈ। ਇਸ ਨੋਟਿਸ ਰਾਹੀ ਸਾਰੀਆਂ ਫਰਮਾਂ/ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਫਰਮ/ਏਜੰਸੀ ਇਹ ਕੰਮ ਕਰਨਾ ਚਾਹੁੰਦੀ ਹੈ ਤਾਂ ਮੰਦਿਰ ਸ੍ਰੀ ਕਾਲੀ ਦੇਵੀ ਜੀ ਪਟਿਆਲਾ ਦੀ ਵੈਬ-ਸਾਈਟ mandirkalidevijipatiala.org ਤੇ ਅਪਲੋਡ ਕੀਤੀਆਂ ਗਈਆ ਸ਼ਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੈਬਸਾਇਟ ਤੇ ਅਪਲੋਡ ਕੀਤੇ ਗਏ ਪ੍ਰੋਫ਼ਾਰਮੇ ਵਿਚ ਭਰ ਕੇ ਆਪਣਾ ਟੈਂਡਰ ਬੰਦ ਲਿਫਾਫੇ ਵਿਚ Technical and Financial Bid ਵੱਖਰੇ-2 ਲਿਫਾਫਿਆਂ ਵਿਚ ਬੰਦ ਕਰਕੇ ਮਿਤੀ 10-06-2025 ਨੂੰ ਸਵੇਰੇ 11:00 ਵਜੇ ਤੱਕ ਨਿੱਜੀ ਪੱਧਰ ਤੇ ਹਾਜਰ ਹੋ ਕੇ ਧਰਮ ਅਰਥ ਸ਼ਾਖਾ ਕਮਰਾ ਨੰ:303, ਬਲਾਕ-ਏ, ਮਿੰਨੀ ਸਕੱਤਰੇਤ ਵਿਖੇ ਦਿੱਤਾ ਜਾਵੇ। ਟੈਂਡਰ ਮਿਤੀ 10-06-2025 ਨੂੰ ਸਵੇਰੇ 11:30 ਵਜੇ ਕਾਨਫਰੰਸ ਰੂਮ ਨੰਬ 112, ਦਫਤਰ ਡਿਪਟੀ ਕਮਿਸ਼ਨਰ, ਪਟਿਆਲਾ ਵਿਚ ਖੋਲੇ ਜਾਣਗੇ। ਉਕਤ ਕੰਮ ਲਈ ਸ਼ਰਤਾਂ ਜਾਂ ਹੋਰ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਲੈਣ ਲਈ ਧਰਮ ਅਰਥ ਸ਼ਾਖਾ, ਦਫਤਰ ਡਿਪਟੀ ਕਮਿਸ਼ਨਰ ਪਟਿਆਲਾ ਨਾਲ (ਕਮਰਾ ਨੰ: 303 ਬਲਾਕ ਏ, ਮਿੰਨੀ ਸਕੱਤਰੇਤ ਪਟਿਆਲਾ) ਸੰਪਰਕ ਕੀਤਾ ਜਾ ਸਕਦਾ ਹੈ।

29/5/25

**ਵਾ: ਡਿਪਟੀ ਕਮਿਸ਼ਨਰ-ਕਮ-ਚੇਅਰਮੈਨ**
**ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ**
**ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,**
**ਪਟਿਆਲਾ।**

## ਮੰਦਿਰ ਸ੍ਰੀ ਕਾਲੀ ਦੇਵੀ ਜੀ ਪਟਿਆਲਾ ਦੀ ਸੁਰੱਖਿਆ ਸਬੰਧੀ ਇਸ਼ਤਿਹਾਰ ਵਿਚ ਟੈਂਡਰ ਸਬੰਧੀ ਸ਼ਰਤਾਂ :

**ਟੈਕਨੀਕਲ ਸ਼ਰਤਾਂ:**

1) ਟੈਂਡਰ ਵਿਚ ਸਕਿਉਰਟੀ ਗਾਰਡ ਦੀ ਯੋਗਤਾ Ex Serviceman ਸਬੰਧੀ ਸ਼ਰਤ ਤੋ ਇਲਾਵਾ Medically fit Civilian ਵੀ ਹੋ ਸਕਦਾ ਹੈ।

2) ਟੈਂਡਰ ਵਿਚ ਪਿਛਲੇ ਤਿੰਨ ਸਾਲਾਂ ਦੀ ਬੈਲੇਂਸ ਸ਼ੀਟ ਸਬੰਧੀ ਸ਼ਰਤ ਤੋ ਇਲਾਵਾ 2 ਸਾਲ ਦੀ ਬੈਲੇਂਸ ਵੀ ਮੰਨਣਯੋਗ ਹੋਵੇਗੀ।

3) ਸੁਰੱਖਿਆ ਏਜੰਸੀ ਪਾਸ ਘੱਟੋ ਘੱਟ 50 ਕਰਮਚਾਰੀਆਂ ਦਾ ਸਟਾਫ ਮੌਜੂਦ ਹੋਵੇ ਜਿੰਨ੍ਹਾਂ ਦੀ ਲਿਸਟ ਨਾਲ ਸ਼ਾਮਲ ਕੀਤੀ ਜਾਵੇ।

4) ਸਬੰਧਤ ਸਕਿਉਰਟੀ ਏਜੰਸੀ ਦਾ ਸਲਾਨਾ ਟਰਨਓਵਰ ਇੱਕ ਕਰੋੜ ਹੋਵੇ। ਇਸ ਟਰਨਓਵਰ ਵਿਚ ਕਟੌਤੀ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ- ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਜੀ ਨੂੰ ਹੋਵੇਗਾ।

5) ਜਿਸ ਸੁਰੱਖਿਆ ਏਜੰਸੀ ਨੂੰ ਟੈਂਡਰ ਅਲਾਟ ਕੀਤਾ ਜਾਵੇਗਾ ਉਸਨੂੰ ਦੋ (2,00,000/-) ਲੱਖ ਰੁਪਏ ਸਕਿਉਰਟੀ ਵਜੋ ਕੈਸ਼ ਮੰਦਿਰ ਦੇ ਬੈਂਕ ਖਾਤੇ ਵਿੱਚ ਜਮਾਂ ਕਰਵਾਉਣੇ ਹੋਣਗੇ ਅਤੇ ਟੈਂਡਰ ਦੀ ਮਿਆਦ ਖਤਮ ਹੋਣ ਤੇ ਜਮ੍ਹਾਂ ਕਰਵਾਈ ਸਕਿਉਰਟੀ ਦੀ ਰਕਮ ਮੋੜਨ ਯੋਗ ਹੋਵੇਗੀ।

6) ਸੁਰੱਖਿਆ ਏਜੰਸੀ ਵੱਲੋ ਕੰਪਨੀ ਦਾ ਪੈਨ, ਜੀਐਸਟੀ ਨੰਬਰ ਅਤੇ ਲਾਇਸੈਂਸ ਦੀ ਕਾਪੀ ਨਾਲ ਸ਼ਾਮਲ ਕੀਤੀ ਜਾਵੇ।

7) ਫਰਮ ਦੀ ਰਜਿਸਟਰੇਸ਼ਨ ਦੀ ਕਾਪੀ ਨਾਲ ਸ਼ਾਮਲ ਕੀਤੀ ਜਾਵੇ।

**ਆਮ ਸ਼ਰਤਾਂ:**

1) ਬਿਨਾਂ ਕਾਰਨ ਦੱਸੇ ਟੈਂਡਰ ਰੱਦ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ, ਪਟਿਆਲਾ ਜੀ ਨੂੰ ਹੋਵੇਗਾ।

2) ਟੈਂਡਰ ਪਾਸ ਹੋਣ ਤੋ ਐਗਰੀਮੈਂਟ ਇੱਕ ਹਫਤੇ ਦੇ ਅੰਦਰ-ਅੰਦਰ ਪੇਸ਼ ਕਰਨਾ ਹੋਵੇਗਾ।

3) ਜੇਕਰ ਐਗਰੀਮੈਂਟ ਤੋਂ ਪਹਿਲਾ ਇੱਕ ਮਹੀਨੇ ਦਾ ਨੋਟਿਸ ਦਿੱਤੇ ਬਗੈਰ ਆਪਣੀ ਮਰਜੀ ਨਾਲ ਛੱਡ ਕੇ ਜਾਂਦੇ ਹੋ ਤਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣੀ ਪਵੇਗੀ ਜਾਂ ਜਬਤ ਕਰ ਲਈ ਜਾਵੇਗੀ।

4) ਹਰ ਸ਼ਿਫਟ ਵਿਚ ਤਿੰਨ ਲੇਡੀਜ ਸਕਿਉਰਟੀ ਗਾਰਡ ਜਰੂਰੀ ਹੋਣਗੇ।

5) ਕਾਰ/ਸਕੂਟਰ/ਮੋਟਰ ਸਾਇਕਲ/ਸਾਇਕਲ ਪਾਰਕਿੰਗ ਵਿਚ ਖੜੇ ਵਹੀਕਲਾਂ ਦੀ ਪਰਚੀ ਕੱਟਣੀ ਲਾਜਮੀ ਹੋਵੇਗੀ।

6) ਮੰਦਿਰ ਦੇ ਹਦੂਦ ਨਾਲ ਲੱਗਦੇ ਬਾਹਰਲੇ ਏਰੀਆਂ ਵਿਚ ਲੱਗਦੀਆਂ ਰੇਹੜੀਆਂ/ਫੜੀਆਂ ਅਤੇ ਭਿਖਾਰੀਆਂ ਤੋ ਏਰੀਆਂ ਖਾਲੀ ਅਤੇ ਸੁਰੱਖਿਅਤ ਰੱਖਣਾ ਹੋਵੇਗਾ ਅਤੇ ਭੀੜ ਸਮੇਂ ਸ਼ਰਧਾਲੂਆਂ ਦੀਆਂ ਜੇਬਾਂ ਕੱਟਣ ਤੋ ਬਚਾਉਣ ਲਈ ਖਾਸ ਚੌਕਸੀ ਵਰਤਣੀ ਹੋਵੇਗੀ।

7) ਮੰਦਿਰ ਦੀ ਪ੍ਰਾਪਰਟੀ ਵਿਚ ਕੋਈ ਨਜਾਇਜ ਕਬਜਾ/ਨਜਾਇਜ ਉਸਾਰੀ ਨੂੰ ਰੋਕਣ ਦੀ ਜਿੰਮੇਵਾਰੀ ਸਬੰਧਤ ਸਕਿਉਰਟੀ ਏਜੰਸੀ ਦੀ ਹੋਵੇਗੀ।

8) ਮੰਦਿਰ ਵਿਖੇ ਬਾਹਰਲੇ ਸ਼ਰਧਾਲੂਆਂ ਵੱਲੋ ਕੀਤੇ ਜਾਣ ਵਾਲੇ ਧਾਰਮਿਕ ਪ੍ਰੋਗਰਾਮ ਦੀ ਪ੍ਰਵਾਨਗੀ ਨੂੰ ਚੈਕ ਕਰਨਾ ਵੀ ਸਬੰਧਤ ਸਕਿਉਰਟੀ ਏਜੰਸੀ ਦੀ ਡਿਊਟੀ ਵਿਚ ਸ਼ਾਮਲ ਹੋਵੇਗਾ।

9) ਜਰੂਰਤ ਪੈਣ ਤੇ ਮਹਿਕਮੇ ਦੀ ਮੰਗ ਅਨੁਸਾਰ ਸਕਿਉਰਟੀ ਵਧਾਈ ਜਾਂ ਘਟਾਈ ਜਾ ਸਕਦੀ ਹੈ।

20/1/5/20

**ਵਾ: ਡਿਪਟੀ ਕਮਿਸ਼ਨਰ-ਕਮ-ਚੇਅਰਮੈਨ**
**ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ**
**ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,**
**ਪਟਿਆਲਾ।**

## ਪ੍ਰੋਫਾਰਮਾ

| | | |
|---|---|---|
| 1 | ਸੁਰੱਖਿਆ ਏਜੰਸੀ ਦਾ ਨਾਮ ਅਤੇ ਰਜਿਸਟਰਡ ਪਤਾ | |
| 2 | ਰਜਿਸਟਰਡ ਨੰਬਰ ਅਤੇ ਰਜਿਸਟਰਡ ਹੋਣ ਦੀ ਮਿਤੀ (ਘੱਟੋ-ਘੱਟ 3 ਸਾਲ ਪਹਿਲਾਂ ਦੀ ਹੋਵੇ) | |
| 3 | ਸੁਰੱਖਿਆ ਏਜੰਸੀ ਵਿੱਚ ਲੱਗਣ ਵਾਲੇ ਸਕਿਉਰਟੀ ਗਾਰਡਾਂ ਦੀ ਗਿਣਤੀ<br>ਸੋਮਵਾਰ ਤੋਂ ਸ਼ੁੱਕਰਵਾਰ ਅਤੇ ਐਤਵਾਰ- 20/20 ਸਕਿਉਰਟੀ ਗਾਰਡ ਅਤੇ 2/2 ਸੁਪਰਵਾਇਜਰ<br>ਸ਼ਨੀਵਾਰ-ਲੋੜ ਅਨੁਸਾਰ ਸਕਿਉਰਟੀ ਗਾਰਡਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ। | |
| 4 | ਰਾਤ ਦੀ ਸਿਫਟ ਵਿੱਚ ਲੱਗਣ ਵਾਲੇ ਸਕਿਉਰਟੀ ਗਾਰਡਾਂ ਦੀ ਗਿਣਤੀ 7 ਸਕਿਉਰਟੀ ਗਾਰਡ ਰੋਜਾਨਾ | |
| 5 | ਕਾਰ ਪਾਰਕਿੰਗ ਵਿੱਚ (ਸਾਇਕਲ, ਸਕੂਟਰ/ਮੋਟਰ ਸਾਇਕਲ, ਕਾਰ ਆਦਿ) ਲੱਗਣ ਵਾਲੇ ਸਕਿਉਰਟੀ ਗਾਰਡਾਂ ਦੀ ਗਿਣਤੀ-5/5 | |
| 6 | ਸੀ.ਸੀ.ਟੀ.ਵੀ ਕੰਟਰੋਲ ਰੂਮ ਵਿੱਚ ਕੈਮਰਾ ਦੇਖਣ ਲਈ ਟਰੈਂਡ ਸਿਕਉਰਟੀ ਗਾਰਡਾਂ ਦੀ ਗਿਣਤੀ-6 (ਤਿੰਨ ਸਿਫਟਾ ਵਿੱਚ ਦੋ-ਦੋ ਟਰੇਂਡ ਸਿਕਉਰਟੀ ਗਾਰਡ) | |
| 7 | ਸਕਿਉਰਟੀ ਗਾਰਡ ਦੀ ਯੋਗਤਾ Ex Serviceman/ Medically fit Civilian | |
| 8 | Metal Detector-2 Walkie Talkie-4 to Guards ਦੀ ਸਹੂਲਤ ਵੀ ਏਜੰਸੀ ਵੱਲੋਂ ਦਿੱਤੀ ਜਾਵੇਗੀ। ਜਿਸਦਾ ਕੋਈ ਵੱਖਰਾ ਚਾਰਜ ਨਹੀਂ ਦਿੱਤਾ ਜਾਵੇਗੀ। | |
| 9 | Emergency Alarm and Hooter-3 (ਏਜੰਸੀ ਵੱਲੋਂ ਦਿੱਤਾ ਜਾਣਾ ਲਾਜ਼ਮੀ ਹੋਵੇਗਾ) | |
| 10 | ਪਬਲਿਕ ਐਡਰੈਸ ਸਿਸਟਮ-5 (ਏਜੰਸੀ ਵੱਲੋਂ ਦਿੱਤਾ ਜਾਣਾ ਲਾਜ਼ਮੀ ਹੋਵੇਗਾ) | |
| 11 | ਪਿਛਲੇ ਤਿੰਨ ਸਾਲਾਂ ਦੀ ਬੈਲੇਂਸ ਸ਼ੀਟ | |
| 12 | Name of Prominent Clients | |

| Name of Agency | | | | |
|---|---|---|---|---|
| Particulars | Security Guard **(Per Person)** | Armed Guard **(Per Person)** | Supervisor **(Per Person)** | Ex Servicemen **(Per Person)** |
| Minimum Wages as per DC Rate (Monthly) | | | | |
| EPF | | | | |
| ESI | | | | |
| Service Charge (ਸਰਵਿਸ ਚਾਰਜ 0% ਨਾ ਹੋਵੇ। ਲਏ ਜਾਣ ਵਾਲੇ ਸਰਵਿਸ ਚਾਰਜ ਦੀ % ਦੱਸੀ ਜਾਵੇ) | | | | |
| GST | | | | |
| Total | | | | |

Signature of Proprietor of Firm

Address

Contact No.